ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030324
Available online at: www.armaan.org.in
DOI: https://doi.org/10.64119/armaan.vol.3.issue3.24

# ਗੁਰਮਤਿ ਸਾਹਿਤ ਵਿੱਚ ਔਰਤ ਦੀ ਸਥਿਤੀ

# GURMATI SAHIT VICH AURAT DI SATHITI

**ਡਾ. ਰਾਜਬਿੰਦਰ ਕੌਰ** (Dr. Rajbinder Kaur)
**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ** (Assistant Professor, Punjabi)
**ਬਾਬਾ ਫਰੀਦ ਕਾਲਜ, ਦਿਓਣ ਬਠਿੰਡਾ (ਪੰਜਾਬ)**
Email ID: rajbinderkaur08@gmail.com **ਮੋਬਾਈਲ:** +91-97805-10956

**ਸਾਰ (Abstract)**

*ਗੁਰਮਤਿ ਸਾਹਿਤ ਵਿੱਚ ਔਰਤ ਨੂੰ ਸਮਾਜਿਕ, ਅਧਿਆਤਮਿਕ ਤੇ ਨੈਤਿਕ ਪੱਧਰ 'ਤੇ ਮਹੱਤਵਪੂਰਨ ਸਥਾਨ ਮਿਲਿਆ ਹੈ। ਸਿੱਖ ਧਰਮ ਦੇ ਮੂਲ ਗ੍ਰੰਥ ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਨੂੰ ਕਿਸੇ ਵੀ ਰੂਪ ਵਿੱਚ ਹੇਠਾਂ ਨਹੀਂ ਦੱਸਿਆ ਗਿਆ, ਬਲਕਿ ਉਸ ਦੀ ਮਹੱਤਤਾ ਨੂੰ ਸਵੀਕਾਰਿਆ ਗਿਆ ਹੈ। ਗੁਰੂ ਨਾਨਕ ਸਾਹਿਬ ਜੀ ਨੇ ਔਰਤ ਨੂੰ ਮਾਂ, ਧੀ, ਪਤਨੀ ਅਤੇ ਘਰ ਦੇ ਕੇਂਦਰ ਵਜੋਂ ਦਰਸਾਇਆ ਅਤੇ ਕਿਹਾ ਕਿ ਜਗਤ ਦੀ ਪੈਦਾਇਸ਼ ਅਤੇ ਵੰਸ਼ ਦੀ ਲੜੀ ਔਰਤ ਰਾਹੀਂ ਹੀ ਚੱਲਦੀ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ, ਔਰਤ ਅਤੇ ਪੁਰਸ਼ ਦੋਵਾਂ ਰੱਬ ਅੱਗੇ ਇਕਸਾਰ ਹਨ, ਕਿਸੇ ਨੂੰ ਵੀ ਘੱਟ ਜਾਂ ਵੱਧ ਨਹੀਂ ਮੰਨਿਆ ਗਿਆ। ਸਿੱਖ ਧਰਮ ਨੇ ਔਰਤਾਂ ਉੱਤੇ ਹੋਣ ਵਾਲੇ ਭੇਦਭਾਵ, ਜਿਵੇਂ ਕਿ ਸਤੀ ਪ੍ਰਥਾ, ਪਰਦਾ ਪ੍ਰਥਾ ਅਤੇ ਕੁੜੀ-ਹੱਤਿਆ ਆਦਿ ਦਾ ਵਿਰੋਧ ਕੀਤਾ। ਗੁਰਮਤਿ ਸਾਹਿਤ ਔਰਤ ਨੂੰ ਅਧਿਆਤਮਿਕ ਮਾਰਗ 'ਤੇ ਪੁਰਸ਼ਾਂ ਦੇ ਸਮਾਨ ਮੌਕੇ ਦਿੰਦਾ ਹੈ ਅਤੇ ਉਸ ਨੂੰ ਧਾਰਮਿਕ ਤੇ ਸਮਾਜਿਕ ਜੀਵਨ ਦੇ ਹਰ ਖੇਤਰ ਵਿੱਚ ਭਾਗੀਦਾਰੀ ਦਾ ਅਧਿਕਾਰ ਦਿੰਦਾ ਹੈ।*

***ਕੀਵਰਡ (Keyword): ਔਰਤ ਦੀ ਸਥਿਤੀ, ਗੁਰਮਤਿ ਸਾਹਿਤ, ਗੁਰੂ ਨਾਨਕ ਸਾਹਿਬ, ਸਮਾਨਤਾ, ਅਧਿਆਤਮਿਕ ਅਧਿਕਾਰ, ਸਤੀ ਪ੍ਰਥਾ ਵਿਰੋਧ, ਪਰਦਾ ਪ੍ਰਥਾ ਵਿਰੋਧ, ਮਾਂ, ਧੀ, ਪਤਨੀ, ਸਮਾਜਿਕ ਨਿਆਂ।***

ਔਰਤ ਦੀ ਸਮਾਜ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਹੈ। ਔਰਤ ਤੋ ਬਿਨਾਂ ਸੰਸਾਰ ਦੀ ਕਲਪਨਾ ਅਸੰਭਵ ਹੈ। ਸੰਸਾਰ ਵਿੱਚ ਜ਼ਿਆਦਾਤਰ ਸੁਹਜ ਕਲਾਵਾਂ ਦਾ ਪ੍ਰੇਰਨਾ ਔਰਤ ਹੈ ਤੇ ਔਰਤ ਦੇ ਯੋਗਦਾਨ ਨੇ ਸਮਾਜ ਦੇ ਹਰ ਪੱਖ ਨੂੰ ਸਦਾ ਗਤੀਸ਼ੀਲ ਬਣਾਈ ਰੱਖਿਆ ਹੈ। ਮਨੁੱਖਤਾ ਦੇ ਇਤਿਹਾਸ ਵਿੱਚ ਔਰਤ ਦੇ ਮਹੱਤਵ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ ਕਿਉਂਕਿ ਮਰਦ ਜ਼ਿਆਦਾ ਦੁਨਿਆਵੀ ਉਪਲਬਧੀਆਂ ਵਿੱਚ ਪ੍ਰਸੰਨਤਾ ਲੱਭਦਾ ਹੈ ਤੇ ਔਰਤ ਵਿਸ਼ੇਸ਼ ਕਰਕੇ ਅਧਿਆਤਮਿਕ ਸ਼ਰਨ ਵਿੱਚੋਂ ਜੀਵਨ ਦੀ ਸਾਰਥਿਕਤਾ ਦੀ ਭਾਲ ਕਰਦੀ ਹੈ। ਭੌਤਿਕ ਲੋੜਾਂ ਅਤੇ ਸੁਰੱਖਿਆ ਪੱਖੋਂ ਔਰਤ ਦੇ ਮਰਦ ਉੱਤੇ ਨਿਰਭਰ ਹੋਣ ਤੋ ਮੁਨਕਰ ਨਹੀਂ ਹੋਇਆ ਜਾ ਸਕਦਾ। ਮਰਦ, ਔਰਤ ਨੂੰ ਮਨੋਰੰਜਨ ਦਾ ਸਾਥੀ, ਖ਼ੁਸ਼ੀ ਅਤੇ ਇੱਕ ਗੈਰ ਜ਼ਰੂਰੀ ਸੁਗਾਤ ਸਮਝਦਾ ਹੈ। ਜਦ ਕਿ ਔਰਤ ਲਈ ਮਰਦ ਉਸ ਦੀ ਆਪਣੀ ਹੋਂਦ ਦੀ ਪੁਸ਼ਟੀ ਅਤੇ ਜੀਵਨ ਦੀ ਆਧਾਰ ਸਿਲਾ ਹੈ। ਦੋਹਾਂ ਦਾ ਆਪਸੀ ਸੰਬੰਧ ਸਮਾਨਤਾ ਵਾਲਾ ਪ੍ਰਤੀਤ ਨਹੀਂ ਹੁੰਦਾ।

*ਮਨੁੱਖਤਾ ਦੇ ਇਤਿਹਾਸ ਵਿੱਚ ਸਮੇਂ-ਸਮੇਂ ਔਰਤ ਦਾ ਸਰੂਪ ਤੇ ਸਥਿਤੀ ਬਦਲਦੀ ਰਹੀ ਹੈ। ਸਮੇਂ ਸਥਾਨ ਅਤੇ ਵਿਚਾਰਧਾਰਾ ਦੇ ਪ੍ਰਚਲਿਤ ਹੋਣ ਨਾਲ ਸਮਾਜਿਕ ਢਾਂਚੇ ਵਿੱਚ ਤਬਦੀਲੀ ਆਉਂਦੀ ਰਹਿੰਦੀ ਹੈ। ਭਾਰਤੀ ਮਿਥਿਹਾਸਿਕ ਕਥਾਵਾਂ ਵਿੱਚ ਔਰਤ ਦਾ ਨਾਂ ਪਹਿਲਾਂ ਲਿਆ ਜਾਂਦਾ ਹੈ। ਜਿਵੇਂ ਸੀਤਾ-ਰਾਮ, ਲੱਛਮੀ-ਨਰਾਇਣ, ਰਾਧਾ-ਕ੍ਰਿਸ਼ਨ ਆਦਿ। ਮਰਦ ਦੇ ਮੁਕਾਬਲੇ ਵਿੱਚ ਸਰੀਰਕ ਪੱਖੋਂ ਨਿਰਬਲ ਹੋਣ ਤੇ ਵੀ ਉਹ ਵੱਧ ਤਿਆਗਮਈ ਪ੍ਰਾਣੀ ਹੈ। ਪੁਰਸ਼ ਦੀ ਜਨਮਦਾਤਾ ਹੋਣ ਕਾਰਨ ਉਹ ਜਣਨੀ ਹੈ। ਮਾਂ ਹੈ ਤੇ ਪੂਜਣਯੋਗ ਹੈ। ਲੇਖਿਕਾ ਪ੍ਰੇਮਿਨਾ ਕਪੂਰ ਅਨੁਸਾਰ,*

> *ਰਵਾਇਤੀ ਤੌਰ 'ਤੇ ਵਿਵਾਹਿਤ ਨਾਰੀ ਦੀ ਦੁਨੀਆ ਘਰ ਤੱਕ ਹੀ ਸੀਮਿਤ ਹੁੰਦੀ ਹੈ ਅਤੇ ਆਪਣੇ ਪਤੀ, ਬੱਚਿਆਂ ਤੇ ਪਰਿਵਾਰ ਦੇ ਜੀਆਂ ਦਾ ਖ਼ਿਆਲ ਰੱਖਣਾ ਹੀ ਉਸ ਦਾ ਪ੍ਰਮੁੱਖ ਫ਼ਰਜ਼ ਦੱਸਿਆ ਜਾਂਦਾ ਹੈ।*[1]

ਇਸਤਰੀ ਪਰਵਾਰ-ਗ੍ਰਹਿਸਤ ਦਾ ਕੇਂਦਰ-ਬਿੰਦੂ ਹੈ ਅਤੇ ਪਰਵਾਰ ਸਮੁੱਚੇ ਸਮਾਜ ਦਾ ਧੁਰਾ ਹੈ। ਇਸ ਦੇ ਬਾਵਜੂਦ ਵੀ ਇਸਤਰੀ ਜਾਤੀ ਨੂੰ ਹਮੇਸ਼ਾ ਹੀ ਸਮਾਜ ਵਿੱਚ ਨੀਵਾਂ ਦਰਜਾ ਦਿੱਤਾ ਗਿਆ ਹੈ। ਆਦਮੀ ਉਸ ਨੂੰ ਘਰ ਦੀ ਚਾਰ ਦੀਵਾਰੀ ਤੱਕ ਸੀਮਿਤ ਰੱਖਣ ਦੀਆਂ ਯੋਜਨਾਵਾਂ ਬਣਾਉਂਦਾ ਰਿਹਾ ਹੈ। ਮਰਦ


Received: 16 August 2025 Accepted: 28 August 2025 Published: 05 September 2025

ਜਾਤੀ ਵੱਲੋਂ ਇਸਤਰੀ ਜਾਤੀ ਨੂੰ ਹਰ ਤਰ੍ਹਾਂ ਨਾਲ ਦੁੱਖ ਦਿੱਤੇ ਜਾਂਦੇ ਰਹੇ ਹਨ। ਆਪਣੇ ਮਰਦਾਂ ਵੱਲੋਂ ਉਸ ਨੂੰ ਮਾਰ-ਕੁੱਟ ਦਾ ਸ਼ਿਕਾਰ ਬਣਾਇਆ ਜਾਂਦਾ ਹੈ ਅਤੇ ਦੁਸ਼ਮਣ-ਮਰਦਾਂ ਵੱਲੋਂ ਇਸਤਰੀ ਦੀ ਬੇਪਤੀ ਕੀਤੇ ਜਾਂਦੀ ਰਹੀ ਹੈ। ਕਿਤੇ ਨਾ ਕਿਤੇ ਉਸ ਦੇ ਮਨ ਵਿੱਚ ਡਰ ਦੀ ਭਾਵਨਾ ਘਰ ਕਰ ਚੁੱਕੀ ਹੈ। ਜੇ ਕੋਈ ਇਸਤਰੀ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਕੋਸ਼ਿਸ਼ ਵੀ ਕਰਦੀ ਹੈ ਤਾਂ ਬਾਹਰਲਾ ਸਮਾਜ ਉਸ ਦੀ ਆਵਾਜ਼ ਨੂੰ ਦਬਾਉਣ ਦੀ ਧੱਕੇਸ਼ਾਹੀ ਦੀ ਵਰਤੋ ਕਰਨ ਵਿੱਚ ਕੋਈ ਕਸਰ ਨਹੀਂ ਛੱਡਦਾ। ਇਸਤਰੀ ਤਿਆਗ ਅਤੇ ਕੁਰਬਾਨੀ ਦੀ ਮੂਰਤ ਹੈ। ਅੰਗਰੇਜ਼ ਲਿਖਾਰੀ ਮਿਸ ਸਾਇਮਨ ਡੀ. ਬੁਆਇਰ ਨੇ ਕਿਹਾ ਹੈ,

*ਔਰਤ ਜਦੋਂ ਪੈਦਾ ਹੁੰਦੀ ਹੈ, ਸਮਾਜ ਜਨਮ ਤੋ ਹੀ ਉਸ ਨੂੰ ਆਪਣੀ ਹੋਂਦ ਦੀ ਰੱਖਿਆ ਵਾਸਤੇ ਤਰ੍ਹਾਂ-ਤਰ੍ਹਾਂ ਨਾਲ ਤਿਆਰ ਕਰਨ ਸ਼ੁਰੂ ਕਰ ਦਿੰਦਾ ਹੈ ਕਿ ਉਸ ਦੇ ਪੈਰਾਂ ਵਿੱਚ ਕਿਸੇ ਵੀ ਸੁਤੰਤਰ ਰਾਹ ਉੱਤੇ ਤੁਰਨ ਦੀ ਲਾਲਸਾ ਨਾ ਜਾਗੇ। ਉਹਦੇ ਕੋਲ ਇੱਕ ਹੀ ਹਥਿਆਰ ਰਹਿ ਜਾਂਦਾ ਹੈ ਕਿ ਉਸ ਦਾ ਇਸਤ੍ਰੀਪਣ ਇੱਕ ਸਦੀਵੀ ਗ਼ੁਲਾਮੀ ਦੀ ਬੇਵਿਸ਼ਵਾਸੀ ਦਾ ਛਲੀਆ ਹਥਿਆਰ, ਜਿਸ ਨੂੰ ਉਹ ਕਦੀ ਪੂਜਣ ਲੱਗਦੀ ਹੈ ਅਤੇ ਕਦੇ ਨਫ਼ਰਤ ਕਰਨ ਲੱਗ ਪੈਂਦੀ ਹੈ।* [2]

ਦੂਜੇ ਪਾਸੇ ਸਦੀਆਂ ਤੋਂ ਪੀੜਤ ਅਤੇ ਅਪਮਾਨਿਤ ਹੋਣ ਤੇ ਵੀ ਔਰਤ ਨੂੰ ਆਪਣੀ ਸਹਿਜਤਾ ਤੇ ਸਹਿਣਸ਼ੀਲਤਾ ਦੀ ਸ਼ਕਤੀ ਬਰਕਰਾਰ ਰੱਖੀ ਹੋਈ ਹੈ। ਮਹਾਂਕਾਵਿ 'ਰਮਾਇਣ' ਦੇ ਪਾਤਰ ਭਗਵਾਨ ਰਾਮ ਚੰਦਰ ਨੇ ਪਤਨੀ ਸੀਤਾ ਨੂੰ ਪਵਿੱਤਰ ਮੰਨਦੇ ਹੋਣ ਦੇ ਬਾਵਜੂਦ ਵੀ ਤਿਆਗ ਦਿੱਤਾ ਸੀ। ਛੋਟੇ ਭਰਾ ਲਛਮਣ ਨੇ ਭਾਈ ਪਿਆਰ ਵਿੱਚ ਬੱਝ ਕੇ ਨਵ-ਵਿਆਹੁਤਾ ਪਤਨੀ ਤੋ ਮੂੰਹ ਮੋੜੀ ਰੱਖਿਆ। ਮਹਾਂਭਾਰਤ ਵਿੱਚ ਦਰੋਪਤੀ ਨੂੰ ਭਰੀ ਸਭਾ ਵਿੱਚ ਅਪਮਾਨਿਤ ਹੋਣਾ ਪਿਆ। ਸਤੀ ਨੂੰ ਪਤੀ ਦਾ ਅਨਾਦਰ ਹੋਣ ਕਾਰਨ ਯੱਗ ਦੀ ਅੱਗ ਵਿੱਚ ਭਸਮ ਹੋਣਾ ਪਿਆ।

ਮਹਾਤਮਾ ਬੁੱਧ ਅਤੇ ਰਾਜਾ ਨਲ ਨੇ ਆਪਣੀਆਂ ਪਤਨੀਆਂ ਦਾ ਤਿਆਗ ਕੀਤਾ ਅਤੇ ਭਗਤੀ ਕਰਨ ਜੰਗਲਾਂ ਵਿੱਚ ਚਲੇ ਗਏ, ਪਰ ਇਸ ਸਭ ਦੇ ਬਾਵਜੂਦ ਵੀ ਪਤਨੀ ਨੇ ਪਤੀ ਪ੍ਰੇਮ ਵਿੱਚ ਕਮੀ ਨਹੀਂ ਆਉਣ ਦਿੱਤੀ। ਉਸ ਨੇ ਫ਼ਰਜ਼ਾਂ ਨੂੰ ਤਰਜੀਹ ਦਿੱਤੀ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ,

*ਘਰ ਦੇ ਪਿਆਰ ਇਸਤਰੀ ਜਾਤੀ ਦੇ ਬੇਹੱਦ ਸਤਿਕਾਰ ਅਤੇ ਪਿਆਰ ਤੋ ਬਿਨਾਂ ਜਿੰਦਾ ਨਹੀਂ ਹੋ ਸਕਦਾ। ਜਦ ਤੱਕ ਮਾਂ ਭੈਣ ਤੇ ਇਸਤਰੀ ਅਤੇ ਉਨ੍ਹਾਂ ਦੇ ਘਰ ਦੇ ਜੀਵਨ ਦਾ ਤੀਬਰ ਪਿਆਰ ਨਾ ਹੋਵੇ, ਵਤਨਾਂ ਦਾ ਪਿਆਰ ਸਥਿਰ ਨਹੀਂ ਹੋ ਸਕਦਾ।* [3]

ਸਾਬਕਾ ਰਾਸ਼ਟਰਪਤੀ ਸ੍ਰੀ ਰਾਧਾ ਕ੍ਰਿਸ਼ਨ ਅਨੁਸਾਰ,

*ਭਾਰਤ ਨੇ ਹਰ ਪੀੜ੍ਹੀ ਵਿੱਚ ਲੱਖਾਂ ਹੀ ਅਜਿਹੀਆਂ ਔਰਤਾਂ ਪੈਦਾ ਕੀਤੀਆਂ ਹਨ, ਜਿਨ੍ਹਾਂ ਨੂੰ ਕਦੇ ਪ੍ਰਸਿੱਧੀ ਪ੍ਰਾਪਤ ਨਹੀਂ ਹੋਈ ਪਰ ਜਿਨ੍ਹਾਂ ਦੇ ਦਿਲ ਦਾ ਨਿੱਘ, ਸਵੈ ਕੁਰਬਾਨੀ ਦਾ ਜਜ਼ਬਾ ਨਿਸ਼ਕਾਮ ਵਫ਼ਾਦਾਰੀ ਅਤੇ ਦੁੱਖਾਂ ਤੋ ਵੀ ਸ਼ਕਤੀ ਲੈਣ ਦਾ ਗੁਣ ਪ੍ਰਾਚੀਨ ਪੀੜ੍ਹੀ ਦੀ ਸ਼ਾਨ ਦੇ ਰੂਪ ਵਿੱਚ ਬਾਕੀ ਹੈ।* [4]

ਸਿੰਧੂ ਘਾਟੀ ਦੀ ਸਭਿਅਤਾ ਤੋ ਲੈ ਕੇ ਅਜੋਕੇ ਸਮੇਂ ਤੱਕ ਭਾਰਤੀ ਇਤਿਹਾਸ ਦਾ ਅਧਿਐਨ ਕਰਨ ਤੋ ਅਸੀਂ ਇਸ ਨਿਰਣੇ ਤੇ ਪਹੁੰਚੇ ਹਾਂ ਕਿ ਭਾਰਤੀ ਨਾਰੀ ਦੀ ਸਮਾਜਿਕ ਸਥਿਤੀ ਸਮੇਂ-ਸਮੇਂ ਤੇ ਬਦਲਦੀ ਰਹੀ ਹੈ। ਭਗਤੀ ਕਾਲ ਵਿੱਚ ਬਹੁਤੇ ਸਾਰੇ ਆਗੂ, ਨੇਤਾ, ਧਰਮ ਪ੍ਰਚਾਰਕ, ਭਗਤ, ਗੁਰੂ ਅਤੇ ਵਿਦਵਾਨ ਕਾਰਜਸ਼ੀਲ ਰਹੇ। ਭਗਤੀ ਲਹਿਰ ਦਾ ਸਮਾਂ ਉਹ ਸਮਾਂ ਸੀ ਜਦੋਂ ਭਗਤੀ ਸਮਾਜ ਵਿੱਚ ਔਰਤ ਦਾ ਦਰਜਾ ਬਹੁਤ ਨੀਵਾਂ ਮੰਨਿਆ ਜਾਂਦਾ ਸੀ। ਇਸ ਲਾਚਾਰ ਅਤੇ ਬੇਵੱਸ ਇਸਤਰੀ ਦੇ ਹੱਕ ਵਿੱਚ ਸਭ ਤੋ ਪਹਿਲਾਂ ਸੰਸਾਰ ਦੇ ਮਹਾਨ ਕ੍ਰਾਂਤੀਕਾਰੀ ਅਤੇ ਮਨੁੱਖੀ ਆਜ਼ਾਦੀ ਦੇ ਉੱਚਤਮ ਅਲੰਬਰਦਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਉਠਾਈ। ਉਨ੍ਹਾਂ ਦੇ ਸਮੇਂ ਇਸਤਰੀ ਦੀ ਦਸ਼ਾ ਸਮਾਜ ਵਿੱਚ ਬਹੁਤ ਹੀ ਤਰਸਯੋਗ ਸੀ। ਕਿਧਰੇ ਉਹ ਚਿੰਤਾ ਵਿੱਚ ਸੜ ਰਹੀ ਸੀ ਤੇ ਕਿਧਰੇ ਵਿਦੇਸ਼ੀ ਹਮਲਾਵਰਾਂ ਦੇ ਹੱਥੋ ਉਸ ਦੀ ਬੇਪਤੀ ਹੋ ਰਹੀ ਸੀ। ਕਿਧਰੇ ਆਪਣੇ ਸਮਾਜ ਵਿੱਚ ਅਤੇ ਆਪਣੇ ਪਰਿਵਾਰ ਵਿੱਚ ਅਤੇ ਡੇਰਿਆਂ-ਮਠਾਂ ਆਦਿ ਧਾਰਮਿਕ ਕੇਂਦਰਾਂ ਵਿੱਚ ਉਸ ਦਾ ਸ਼ੋਸ਼ਣ ਅਤੇ ਤ੍ਰਿਸਕਾਰ ਹੋ ਰਿਹਾ ਸੀ। ਸਾਹਿਤਕਾਰ ਉਸ ਨੂੰ ਭੰਡ ਰਹੇ ਸਨ। ਧਾਰਮਿਕ ਗ੍ਰੰਥਾਂ ਦੀ ਵਿਚਾਰਧਾਰਾ ਵੀ ਲੋਕ-ਧਾਰਨਾ ਦੀ ਹੀ ਪੁਸ਼ਟੀ ਕਰ ਰਹੀ ਸੀ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੇ ਧਾਰਮਿਕ ਪਿਛੋਕੜ ਅਤੇ ਸਮਾਜਿਕ ਵਿਚਾਰਧਾਰਾ ਦਾ ਖੰਡਨ ਕਰਦੇ ਹੋਏ ਇਸਤਰੀ ਦੇ ਹੱਕ ਵਿੱਚ ਆਵਾਜ਼ ਉਠਾਈ। ਗੁਰੂ ਜੀ ਨੇ ਬਾਬਾ ਆਦਮ ਦੀ ਕਥਾ ਨੂੰ ਰੱਦ ਕਰਦੇ ਹੋਏ ਇਹ ਆਖਿਆ ਕਿ ਇਸਤਰੀ ਤਾਂ ਆਪ ਜਨਮ ਦੇਣ ਵਾਲੀ ਹੈ। ਮਰਦ ਇਸਤਰੀ ਦੀ ਕੁੱਖ ਤੋ ਜਨਮ ਲੈਂਦੇ ਹਨ। ਮਰਦਾਂ ਦੀ ਸ਼ਾਨ ਅਤੇ ਘਰ ਗ੍ਰਹਿਸਤੀ ਇਸਤਰੀ ਕਰਕੇ ਹੀ ਹੁੰਦੀ ਹੈ। ਗੁਰੂ ਜੀ ਦਾ ਪਵਿੱਤਰ ਗੁਰਬਾਣੀ ਵਿੱਚ ਫੋਰਮੈਨ ਹੈ:-

*ਪੁਰਖ ਮਹਿ ਨਾਰਿ ਨਾਰਿ ਮਹਿ ਪੁਰਖਾ ਬੂਝਹੁ*
*ਬ੍ਰਹਮ ਗਿਆਨੀ।* [5]

ਉਨ੍ਹਾਂ ਦੱਸਿਆ ਹੈ ਕਿ ਇਹ ਦੋ ਨਹੀਂ ਅਸਲ ਵਿੱਚ ਇੱਕ ਹੈ। ਮਨੁੱਖ ਦੀ ਅਦਭੁਤ ਰਚਨਾ ਦੇ ਦੋ ਰੁੱਖ ਹਨ। ਇਕ ਨਾਰੀ ਦੂਜਾ ਪੁਰਖ। ਗੁਰੂ ਰਾਮਦਾਸ ਜੀ ਇਸ ਕਥਨ ਦਾ ਉਚਾਰਨ ਕਰਕੇ ਲਿੰਗ ਭੇਦਤਾ ਤੇ ਕਾਂਟਾ ਹੀ ਮਾਰ ਦਿੰਦੇ ਹਨ। ਇਸਤਰੀ ਅਤੇ ਪੁਰਸ਼ ਧਰਮ ਦੇ ਪਰਮਾਰਥ ਦੇ ਇੱਕੋ ਜਿਹੇ ਅਧਿਕਾਰੀ ਹਨ ਅਤੇ ਉਨ੍ਹਾਂ ਨੂੰ ਇੱਕੋ ਜਿਹੇ ਯਤਨਾਂ ਦੀ ਲੋੜ ਹੈ। ਗੁਰਬਾਣੀ ਥਾਂ-ਥਾਂ ਤੇ ਸਪਸ਼ਟ ਕਰਦੀ ਹੈ ਕਿ ਮਨੁੱਖ ਦੇ ਛੋਟੇ-ਵੱਡੇ ਹੋਣ ਦਾ ਆਧਾਰ ਲਿੰਗ ਨਹੀਂ ਸਗੋਂ ਅਮਲ ਹਨ। ਇਸੇ ਤੱਥ ਦੀ ਪੁਸ਼ਟੀ ਲਈ ਡਾ. ਗੁਰਨਾਮ ਕੌਰ ਦਾ ਕਥਨ ਦੇਖ ਸਕਦੇ ਹਾਂ:

*ਗੁਰਬਾਣੀ ਦੇ ਸਿਧਾਂਤ ਅਨੁਸਾਰ ਮਨੁੱਖ ਜਾਤੀ, ਜਨਮ ਜਾਂ ਇਸਤਰੀ ਜਾਂ ਪੁਰਸ਼ ਹੋਣ ਕਰਕੇ ਛੋਟਾ ਜਾਂ ਵੱਡਾ ਨਹੀਂ ਹੈ। ਮਨੁੱਖ ਆਪਣੇ ਅਮਲਾਂ ਕਾਰਨ ਛੋਟਾ ਜਾਂ ਵੱਡਾ ਹੁੰਦਾ ਹੈ। ਇਸ ਤਰ੍ਹਾਂ ਸਿੱਖ ਧਰਮ ਮੁਤਾਬਿਕ ਇਸਤਰੀ ਜਾਂ ਪੁਰਸ਼ ਹੋਣ ਕਰਕੇ ਮਨੁੱਖ ਵਿੱਚ ਕੋਈ ਵੰਡ ਨਹੀਂ ਹੈ। ਸਾਰੇ ਜੀਵ ਜਨਮ ਤੋਂ ਬਰਾਬਰ ਹਨ। ਗੁਰਮਤਿ ਅਨੁਸਾਰ ਮਨੁੱਖ (ਭਾਵੇਂ ਉਹ ਇਸਤਰੀ ਹੈ ਜਾਂ ਪੁਰਸ਼) ਦੀਆਂ ਦੋ ਹੀ ਸ੍ਰੇਣੀਆਂ ਹਨ, ਗੁਰਸਿੱਖ ਅਤੇ ਮਨਮੁਖ।* [6]

ਗੁਰੂ ਨਾਨਕ ਤੋ ਪਹਿਲਾਂ ਦੇ ਦਰਸ਼ਨ ਅਤੇ ਸਾਹਿਤ 'ਚ ਇੱਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਔਰਤ ਨੂੰ ਮਰਦ ਦੇ ਮੁਕਾਬਲੇ ਹੀਣ ਸਮਝਿਆ ਜਾਂਦਾ ਸੀ। ਇੱਥੋਂ ਤੱਕ ਕਿ ਔਰਤ ਨੂੰ ਅਧਿਆਤਮਿਕ ਮਾਰਗ ਦਾ ਬਾਧਕ ਸਮਝਿਆ ਗਿਆ ਹੈ। ਇਸ ਗੱਲ ਦਾ ਪ੍ਰਮਾਣ ਨਾਥ ਪਰੰਪਰਾ ਦੇ ਕਾਵਿ ਤੋ ਹੋ ਜਾਂਦਾ ਹੈ :-

*ਦਾਸ ਕਾਢਿ ਬਾਘਨ ਲੈ ਆਇਆ*
*ਮਉ ਕਹੈ ਮੇਰਾ ਪੁਤ ਬਿਆਇਆ*
*ਗੀਲੀ ਲਕੜੀ ਕਉ ਘਣੁ ਲਾਇਆ*
*ਤਿਨ ਡਾਲਿ ਮੂਲ ਸਵਿ ਖਾਇਆ।।* [7]

ਗੁਰੂ ਜੀ ਨੇ ਆਪਣੀ ਪੂਰਵ ਤੇ ਸਮਕਾਲੀ ਵਿਚਾਰਧਾਰਾ ਨਾਲ ਸੰਵਾਦ ਰਚਾ ਕੇ ਨਰੋਆ ਤੇ ਸਕਾਰਾਤਮਿਕ ਪੱਖ ਪੇਸ਼ ਕੀਤਾ ਹੈ। ਨਾਥਾਂ ਜੋਗੀਆਂ ਦੁਆਰਾ ਔਰਤ ਤੇ ਗ੍ਰਹਿਸਥੀ ਜੀਵਨ ਨੂੰ ਛੁਟਿਆਉਣ ਦੀ ਦੂਸ਼ਿਤ ਸਮਝ ਦਾ ਖੰਡਨ ਕਰਦਿਆਂ ਉਹਨਾਂ ਨੇ ਗ੍ਰਹਿਸਥ ਜੀਵਨ ਨੂੰ ਸ੍ਰੇਸ਼ਠ ਅਤੇ ਸਚਿਆਰੀ ਔਰਤ ਨੂੰ ਗੰਗਾ ਜਲ ਕਿਹਾ ਹੈ।

*ਸੋ ਗਿਰਹੀ ਜੋ ਨਿਗ੍ਰਹੁ ਕਰੈ।।*
*ਜਪੁ ਤਪੁ ਸੰਜਮੁ ਭੀਖਿਆ ਕਰੈ।।*
*ਪੁੰਨ ਦਾਨ ਨਾ ਕਰੈ ਸਰੀਰੁ।।*
*ਸੋ ਗਿਰਹੀ ਗੰਗਾ ਕਾ ਨੀਰੁ।।* [8]

ਔਰਤ ਪਾਸੋ ਬਚ ਕੇ ਰਹਿਣ, ਵਿਆਹ ਨਾ ਕਰਵਾਉਣ ਕਿਉਂਕਿ ਉਹ ਮੁਕਤੀ ਦੇ ਰਾਹ ਦੀ ਬਾਧਕ ਬਣਦੀ ਹੈ। ਇਸ ਬਾਰੇ ਭਗਤ ਕਬੀਰ ਲਿਖਦਾ ਹੈ।

*ਬਿੰਦੁ ਰਾਖ ਜੋ ਤਰੀਐ ਭਾਈ।।*
*ਖੁਸਰੈ ਕਿਉ ਨ ਪਰਮ ਗਤਿ ਪਾਈ।।* [9]

ਇੱਥੇ ਕਬੀਰ ਇਹ ਸਮਝਾਉਣ ਦਾ ਯਤਨ ਕਰਦਾ ਹੈ ਕਿ ਜੇਕਰ ਲਿੰਗਕ ਸੰਬੰਧਾਂ ਨੂੰ ਤਿਆਗ ਕੇ ਰੱਬ ਦੀ ਪ੍ਰਾਪਤੀ ਹੋ ਸਕਦੀ ਹੈ ਤਾਂ ਅਸੀਂ ਸਮਾਜ 'ਚ ਜਿੰਨੇ ਵੀ ਨਿਪੁੰਸਕ ਅਤੇ ਖੁਸਰੇ ਹਨ, ਉਹਨਾਂ ਨੂੰ ਮਹਾਤਮਾ ਦੀ ਉਪਾਧੀ ਕਿਉਂ ਨਹੀਂ ਦੇ ਦਿੰਦੇ? ਕਿਉਂ ਉਹਨਾਂ ਨੂੰ ਤ੍ਰਿਸਕਾਰ ਦੇ ਪਾਤਰ ਬਣਾਇਆ ਹੈ? ਗੁਰੂ ਜੀ ਮਨੁੱਖੀ ਜੀਵ ਨੂੰ *"ਅੰਜਨਿ ਮਾਹਿ ਨਿਰੰਜਨਿ"* ਦੀ ਅਵਸਥਾ ਪ੍ਰਾਪਤ ਕਰਨ ਵੱਲ ਸੰਕੇਤ ਕਰਦੇ ਹਨ।

ਇਸ ਗੱਲ ਵਿੱਚ ਕੋਈ ਸੰਦੇਹ ਨਹੀਂ ਕਿ ਔਰਤ ਤੇ ਮਰਦ ਇੱਕ ਦੂਜੇ ਬਿਨਾਂ ਅਧੂਰੇ ਹਨ। ਦੋਵਾਂ ਦੇ ਸੰਗਮ ਵਿੱਚੋਂ ਹੀ ਮਾਨਵਤਾ ਦਾ ਨਿਕਾਸ ਤੇ ਵਿਕਾਸ ਸੰਭਵ ਹੈ। ਜਿੱਥੇ ਵਿਆਹੁਤਾ ਜੀਵਨ ਵਿੱਚ ਔਰਤ-ਮਰਦ ਦਾ ਮਿਲਾਪ ਸੰਤਾਨ ਪੈਦਾ ਕਰਦਾ ਹੈ, ਉੱਥੇ ਮਾਨਸਿਕ ਇਕਾਗਰਤਾ ਤੇ ਇਕਸੁਰਤਾ ਵੀ ਪੈਦਾ ਹੁੰਦੀ ਹੈ:-

*ਧਨ ਪਿਰ ਏਹਿ ਨਾ ਆਖੀਅਨਿ ਬਹਨਿ ਇਕਠੇ ਹੋਇ।।*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।।* [10]

ਔਰਤ ਤੇ ਪੁਰਸ਼ ਦੇ ਵਿਆਹੁਤਾ ਜੀਵਨ ਨੂੰ ਸਫਲ ਬਣਾਉਣ ਲਈ ਜਿੱਥੇ ਇਕਸੁਰਤਾ ਦਾ ਮਹੱਤਵ ਸਪਸ਼ਟ ਹੁੰਦਾ ਹੈ, ਉੱਥੇ ਗੁਰੂ ਨਾਨਕ ਦੇਵ ਜੀ ਨੇ ਸੰਸਾਰ 'ਚ ਮਾਨਵਤਾ ਦੇ ਵਿਕਾਸ ਲਈ ਔਰਤ ਦੇ ਹੱਕ ਵਿੱਚ ਬੁਲੰਦ ਆਵਾਜ਼ ਉਠਾਉਂਦੇ ਹਨ ਕਿ ਵੱਡੇ-ਵੱਡੇ ਰਾਜਿਆਂ ਅਤੇ ਮਹਾਰਾਜਿਆਂ, ਯੋਧਿਆਂ, ਸਾਇੰਸਦਾਨਾਂ, ਵਿਦਵਾਨਾਂ, ਗੁਰੂਆਂ ਤੇ ਪੀਰਾਂ ਨੂੰ ਜਨਮ ਇਸਤਰੀ ਹੀ ਦਿੰਦੀ ਹੈ, ਜੇ ਇਹ ਸਾਰੇ ਲੋਕ ਚੰਗੇ ਹਨ ਅਤੇ ਵਡਿਆਈ ਦੇ ਪਾਤਰ ਹਨ ਤਾਂ ਉਨ੍ਹਾਂ ਦੀ ਜਣਨੀ ਇਸਤਰੀ ਬੁਰੀ ਕਿਸ ਤਰ੍ਹਾਂ ਹੋ ਸਕਦੀ ਹੈ? ਗੁਰੂ ਜੀ ਦਾ ਫੋਰਮੈਨ ਹੈ :-

*ਭੰਡਿ ਜੰਮਿਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥*

*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥*

*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥*

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥* [11]

ਗੁਰਮਤਿ ਵਿੱਚ ਇਸਤਰੀ ਨੂੰ ਸੁਲੱਖਣੀ ਅਤੇ ਭਰਪੂਰ ਸਦਗੁਣਾਂ ਵਾਲੀ ਆਖ ਕੇ ਪੂਰਾ ਮਾਨ-ਸਨਮਾਨ ਦਿੱਤਾ। ਗੁਰੂ ਜੀ ਫ਼ਰਮਾਉਂਦੇ ਹਨ ਕਿ ਅਜਿਹੇ ਸਦਗੁਣ ਭਰਪੂਰੀ ਇਸਤਰੀ ਜਿਸ ਘਰ ਵਿੱਚ ਆਵੇਗੀ ਉੱਥੇ ਸੁਖ, ਸ਼ਾਂਤੀ, ਖ਼ੁਸ਼ਹਾਲੀ ਅਤੇ ਸਵਰਗ ਹੋਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੋਰਮੈਨ ਹੈ:-

*ਬਤੀਹ ਸੁਲਖਣੀ ਸਚੁ ਸੰਤਤਿ ਪੂਤ॥*

*ਆਗਿਆਕਾਰੀ ਸੁਘੜ ਸਰੂਪ॥*

*ਇਛ ਪੂਰੇ ਮਨ ਕੰਤ ਸੁਆਮੀ॥*

*ਸਗਲ ਸੰਤੋਖੀ ਦੇਰ ਜੇਠਾਨੀ॥*

*ਸਭ ਪਰਵਾਰੈ ਮਾਹਿ ਸਰੇਸਟ॥*

*ਮਤੀ ਦੇਵ ਦੇਵਰੁ ਜੇਸਟ॥*

*ਧੰਨੁ ਸੁ ਗ੍ਰਿਹੁ ਜਿਹੁ ਪ੍ਰਗਟੀ ਆਇ॥*

*ਜਨ ਨਾਨਕ ਸੁਖੇ ਸੁਖਿ ਵਿਹਾਵਿ॥* [12]

ਸ੍ਰੀ ਗੁਰੂ ਅਮਰਦਾਸ ਜੀ ਦੇ ਦਰਬਾਰ ਵਿੱਚ ਇਸਤਰੀਆਂ ਨੂੰ ਪਰਦਾ ਕਰਨ ਦੀ ਮਨਾਹੀ ਕੀਤੀ ਹੋਈ ਸੀ। ਇਸ ਨਾਲ ਇਸਤਰੀ ਨੂੰ ਮਰਦਾਂ ਦੇ ਬਰਾਬਰ ਧਰਮ-ਕਰਮ ਅਤੇ ਸੰਗਤ, ਕਰਨ ਦਾ ਅਵਸਰ ਮਿਲਣ ਲੱਗਾ। ਇਸ ਤੋ ਇਲਾਵਾ ਜਿੱਥੇ ਉਨ੍ਹਾਂ ਨੇ ਵਿਧਵਾ ਵਿਆਹ ਕਰਨ ਦੀ ਰੀਤ ਚਲਾਈ ਉੱਥੇ ਸਤੀ ਦੀ ਪ੍ਰਥਾ ਨੂੰ ਵੀ ਬੁਲੰਦ ਕਰਨ ਲਈ ਪ੍ਰੇਰਨਾ ਦਿੱਤੀ। ਗੁਰੂ ਜੀ ਨੇ ਹਰਿਦੁਆਰ ਸਤੀ ਦੇ ਤਟ ਉੱਤੇ ਖਲੋ ਕੇ ਬੁਲੰਦ ਆਵਾਜ਼ ਵਿੱਚ ਅੱਗ ਵਿੱਚ ਸੜ ਮਰਨ ਵਾਲੀਆਂ ਨੂੰ ਸਤੀਆਂ ਮੰਨਣ ਤੋ ਇਨਕਾਰ ਕਰਦਿਆਂ ਫ਼ਰਮਾਇਆ ਕਿ ਅਸਲ ਸਤੀਆਂ ਤਾਂ ਉਹ ਹੋ ਸਕਦੀਆਂ ਹਨ ਜੋ ਆਪਣੇ ਪਤੀ ਤੋ ਬਾਅਦ ਵੀ ਸੀਲ ਸੰਤੋਖ ਨਾਲ ਆਪਣੀ ਜੀਵਨ ਬਸਰ ਕਰਦੀਆਂ ਹਨ। ਉਨ੍ਹਾਂ ਦਾ ਫ਼ੁਰਮਾਨ ਹੈ :-

*ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨਿ॥*

*ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੇਨਿ॥*

*ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੇਨਿ॥*

*ਸੇਵਨਿ ਸਾਈ ਆਪਣੀ ਨਿਤ ਉਠਿ ਸੰਮਾਲੰਨਿ॥* [13]

ਦਾਜ-ਦਹੇਜ ਦੀ ਪ੍ਰਥਾ ਵੀ ਹਿੰਦੁਸਤਾਨ ਵਿੱਚ ਬਹੁਤ ਪੁਰਾਣੀ ਹੈ। ਇਹ ਰੀਤ ਅੱਜ ਦੇ ਸਮਾਜ ਵਿੱਚ ਇੱਕ ਵੱਡੀ ਲਾਹਨਤ ਅਤੇ ਲੜਕੀਆਂ ਦਾ ਵੱਡਾ ਦੁਖਾਂਤ ਸਾਬਤ ਹੋ ਰਹੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਦਾਜ ਦੀ ਪ੍ਰਥਾ ਦਾ ਵਿਰੋਧ ਕੀਤਾ ਤਾਂ ਕਿ ਇਸਤਰੀ ਇਸ ਦੁਖਾਂਤ ਤੋ ਬਾਹਰ ਆ ਕੇ ਸਮਾਜ 'ਚ ਮਾਨ ਸਨਮਾਨ ਨਾਲ ਜੀਵਨ ਬਤੀਤ ਕਰ ਸਕੇ। ਉਨ੍ਹਾਂ ਨੇ ਦੱਸਿਆ ਕਿ ਅਸਲ ਦਹੇਜ ਤਾਂ ਪ੍ਰਮਾਤਮਾ ਦੀ ਬੰਦਗੀ ਦਾ ਗੁਣ ਹੈ ਜੋ ਬੱਚੀਆਂ ਨੂੰ ਦੇਣਾ ਚਾਹੀਦਾ ਹੈ। ਗੁਰੂ ਜੀ ਫ਼ਰਮਾਉਂਦੇ ਹਨ :-

*ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨ ਮੈ ਦਾਜੋ॥*

*ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥* [14]

*ਛੇਵੇਂ ਪਾਤਸ਼ਾਹ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਸਮਰੱਥ ਰਾਮਦਾਸ ਦੇ ਸੁਆਲ ਦੇ ਜੁਆਬ 'ਚ ਫ਼ਰਮਾਇਆ ਸੀ-*

*ਇਸਤਰੀ ਈਮਾਨ ਹੈ*

*ਦੌਲਤ ਗੁਜਰਾਨ ਹੈ।*

*ਪੁੱਤਰ ਨਿਸ਼ਾਨ ਹੈ।* [15]

ਗੁਰਮਤਿ ਵਿੱਚ ਜਿੱਥੇ ਔਰਤ ਨੂੰ ਉੱਤਮ ਤੇ ਸਤਿਕਾਰਤ ਪਦਵੀ ਦਿੱਤੀ ਹੈ। ਉੱਥੇ ਸਿੱਖ ਇਤਿਹਾਸ ਵਿੱਚ ਬਹੁਤ ਸਾਰੀਆਂ ਮਹਾਨ ਔਰਤਾਂ ਵੀ ਹੋਈਆਂ ਜਿਨ੍ਹਾਂ ਨੂੰ ਸਿੱਖ ਧਰਮ ਦੇ ਸੁਨਹਿਰੀ ਇਤਿਹਾਸ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਗੁਰਮਤਿ ਪਰੰਪਰਾ ਨੂੰ ਗਤੀਸ਼ੀਲਤਾ ਪ੍ਰਦਾਨ ਕਰਨ ਵਿੱਚ ਔਰਤ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ।

ਇਹ ਭੂਮਿਕਾ ਪੁੱਤਰੀ, ਭੈਣ, ਪਤਨੀ, ਮਾਤਾ ਅਤੇ ਦਾਦੀ ਦੇ ਰੂਪ ਵਿੱਚ ਦੇਖੀ ਜਾ ਸਕਦੀ ਹੈ। ਜਿਨ੍ਹਾਂ ਦੇ ਪ੍ਰਮੁੱਖ ਨਾਮ ਇਸ ਤਰ੍ਹਾਂ ਹਨ। ਬੇਬੇ ਨਾਨਕੀ, ਮਾਤਾ ਸੁਲੱਖਣੀ, ਮਾਤਾ ਜੀਵੀ, ਮਾਤਾ ਜੀਤੋ, ਮਾਤਾ ਗੰਗਾ, ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ, ਬੀਬੀ ਭਾਨੀ ਅਤੇ ਹੋਰ ਸਿੱਖ ਇਸਤਰੀਆਂ ਦਾ ਸਿੱਖ ਪੰਥ ਦੀ ਨੁਹਾਰ ਬਦਲਣ 'ਤ ਅਹਿਮ ਯੋਗਦਾਨ ਰਿਹਾ ਹੈ। ਮਾਤਾ ਭਾਗ ਕੌਰ ਤੇ ਉਨ੍ਹਾਂ ਸਾਰੀਆਂ ਇਸਤਰੀਆਂ ਦਾ ਵੀ ਗੁਰਮਤਿ ਵਿੱਚ ਅਹਿਮ ਸਥਾਨ ਹੈ। ਜਿਨ੍ਹਾਂ ਨੇ ਖਿਦਰਾਣੇ ਦੀ ਢਾਬ ਦੀ ਜੰਗ ਸਮੇਂ ਪਰੰਪਰਾ ਗੁਰੂ ਸਾਹਿਬ ਦਾ ਸਾਥ ਦਿੱਤਾ। ਸੋ ਉਪਰੋਕਤ ਵਿਚਾਰ ਚਰਚਾ ਤੋ ਸਪਸ਼ਟ ਹੁੰਦਾ ਹੈ ਕਿ ਗੁਰਮਤਿ ਪਰੰਪਰਾ ਨੇ ਇਸਤਰੀ ਪ੍ਰਤੀ ਨਕਾਰਾਤਮਿਕ ਦ੍ਰਿਸ਼ਟੀ ਦੇ ਪ੍ਰਗਟਾਅ ਵਾਲੀ ਨਿੰਦਣ ਪ੍ਰਵਿਰਤੀ ਛੱਡ ਕੇ ਉਸ ਨੂੰ ਗੁਰਮਤਿ ਸਾਹਿਤ ਵਿੱਚ ਅਹਿਮ ਸਥਾਨ ਦਿੱਤਾ ਹੈ। ਜਿਸ ਕਾਰਨ ਔਰਤ ਦੀ ਸਥਿਤੀ ਕਾਫ਼ੀ ਹੱਦ ਤੱਕ ਸੁਧਰੀ

ਹੈ ਅਤੇ ਔਰਤ ਇੱਕੋ ਮਾਨਵੀ ਹਸਤੀ ਵਿੱਚ ਸਮਾਜ 'ਚ ਵਿਚਰਨ ਦੇ ਕਾਬਲ ਹੋਈ ਹੈ।

## ਹਵਾਲੇ ਅਤੇ ਟਿੱਪਣੀਆਂ


1. *Promila, Kapoor, 'Marriage and working woman in India', Vikas Publishers, Delhi, Page: 297.*
2. *ਸੀਮੋਨ ਡੀ. ਬੁਆਇਰ, 'ਦਾ ਸੈਕਿੰਡ ਸੈਕਸ', ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ, ਪੰਨਾ: 176*
3. *ਪੂਰਨ ਸਿੰਘ, ਖੁੱਲੇ ਲੇਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 77*
4. *Radha Krishanan, Religion and solicty, George Allon and Union Ltd. Rukskin house Musemum street, Page-197-98*
5. *ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ: 878.*
6. *ਡਾ. ਗੁਰਨਾਮ ਕੌਰ, ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਪ੍ਰਸੰਗ ਦੀ ਵਿਲੱਖਣਤਾ, ਪੰਨਾ: 01*
7. *ਕਿਰਪਾਲ ਸਿੰਘ ਕਸੇਲ, ਪੰਜਾਬੀ ਸਾਹਿਤ ਦਾ ਇਤਿਹਾਸ, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਪੰਨਾ: 20*
8. *ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਅੰਗ: 657*
9. *-ਉਹੀ-, ਅੰਗ: 315*
10. *-ਉਹੀ-, ਅੰਗ: 788*
11. *-ਉਹੀ-, ਅੰਗ: 473*
12. *-ਉਹੀ-, ਅੰਗ: 371*
13. *-ਉਹੀ-, ਅੰਗ: 787*
14. *-ਉਹੀ-, ਅੰਗ: 78-79*
15. *ਪ੍ਰੋ. ਕਿਰਪਾਲ ਸਿੰਘ ਬਡੂੰਗਰ, ਗੁਰਮਤਿ ਵਿੱਚ ਇਸਤਰੀ ਦਾ ਮਹੱਤਵ (ਲੇਖ), ਪੰਨਾ: 8*



***Cite this Article-***

ਡਾ. ਰਾਜਬਿੰਦਰ ਕੌਰ (Dr. Rajbinder Kaur), ਗੁਰਮਤਿ ਸਾਹਿਤ ਵਿੱਚ ਔਰਤ ਦੀ ਸਥਿਤੀ (GURMATI SAHIT VICH AURAT DI SATHITI), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 156-160.*

***Journal URL:*** *www.armaan.org.in*

***DOI:*** *https://doi.org/10.64119/armaan.vol.3.issue3.24*



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*